# ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਦੇ ਫ਼ੈਸਲੇ ਵਿੱਚ ਸਹਾਇਕ ਟੂਲ

### ਛੋਟਾ ਕਿਤਾਬਚਾ

## ਇਸ ਟੂਲ ਦਾ ਉਦੇਸ਼ ਕੀ ਹੈ?

ਇਹ ਟੂਲ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮੱਦਦ ਕਰ ਸਕਦਾ ਹੈ ਕਿ ਕੀ ਤੁਸੀਂ ਫੇਫੜਿਆਂ ਦੇ ਕੈਂਸਰ ਲਈ ਸਕ੍ਰੀਨਿੰਗ ਸ਼ੁਰੂ ਕਰਨਾ ਚਾਹੁੰਦੇ ਹੋ। ਬਹੁਤ ਸਾਰੇ ਲੋਕ ਸਕ੍ਰੀਨਿੰਗ ਦੇ ਫ਼ਾਇਦੇ ਵੇਖਦੇ ਹਨ ਅਤੇ ਮੰਨਦੇ ਹਨ ਕਿ ਕੈਂਸਰ ਲਈ ਸਕ੍ਰੀਨਿੰਗ ਕਰਵਾਉਣਾ ਇੱਕ ਚੰਗੀ ਚੀਜ਼ ਹੈ। ਸਕ੍ਰੀਨਿੰਗ ਕਈ ਤਰੀਕਿਆਂ ਨਾਲ ਤੁਹਾਡੀ ਮੱਦਦ ਕਰ ਸਕਦੀ ਹੈ, ਪਰ ਇੱਥੇ ਕੁੱਝ ਅਜਿਹੀਆਂ ਗੱਲਾਂ ਵੀ ਹਨ ਜੋ ਤੁਹਾਨੂੰ ਸਕ੍ਰੀਨਿੰਗ ਕਰਵਾਉਣ ਦਾ ਫ਼ੈਸਲਾ ਲੈਣ ਤੋਂ ਪਹਿਲਾਂ ਪਤਾ ਹੋਣੀਆਂ ਚਾਹੀਦੀਆਂ ਹਨ।

ਇਹ ਕਿਤਾਬਚਾ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ, ਤਾਂ ਜੋ ਤੁਸੀਂ ਇਹ ਫ਼ੈਸਲਾ ਜਾਣਕਾਰੀ ਨਾਲ ਕਰ ਸਕੋ ਕਿ ਕੀ ਤੁਸੀਂ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹੋ ਜਾਂ ਨਹੀਂ। ਇਹ ਤੁਹਾਡਾ ਆਪਣਾ ਫ਼ੈਸਲਾ ਹੈ – ਸਕ੍ਰੀਨਿੰਗ ਕਰਵਾਉਣੀ ਹੈ ਜਾਂ ਨਹੀਂ, ਇਸ ਬਾਰੇ ਕੋਈ ਸਹੀ ਜਾਂ ਗ਼ਲਤ ਜਵਾਬ ਨਹੀਂ ਹੈ।

## ਫੇਫੜਿਆਂ ਦਾ ਕੈਂਸਰ ਕੀ ਹੈ?

ਫੇਫੜਿਆਂ ਦਾ ਕੈਂਸਰ ਇੱਕ ਅਜਿਹਾ ਕੈਂਸਰ ਹੈ ਜੋ ਫੇਫੜਿਆਂ ਵਿੱਚ ਸ਼ੁਰੂ ਹੁੰਦਾ ਹੈ। ਇਹ ਅਜਿਹੇ ਸੈੱਲਾਂ ਦਾ ਗੁੱਛਾ ਹੁੰਦਾ ਹੈ ਜੋ ਆਮ ਨਹੀਂ ਹੁੰਦੇ, ਬੇਕਾਬੂ ਹੋ ਕੇ ਵੱਧਣਾ ਸ਼ੁਰੂ ਕਰ ਦਿੰਦੇ ਹਨ ਅਤੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਵੀ ਫ਼ੈਲ ਸਕਦੇ ਹਨ।

## ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕੀ ਹੁੰਦੀ ਹੈ?

ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਬਿਨਾਂ ਲੱਛਣਾਂ ਵਾਲੇ ਲੋਕਾਂ (ਜਿਵੇਂ ਕਿ ਤੁਹਾਨੂੰ ਬਿਨਾਂ ਕਿਸੇ ਵਜ੍ਹਾ ਦੇ ਲਗਾਤਾਰ ਖੰਘ ਨਹੀਂ ਆਉਂਦੀ ਹੈ ਜਾਂ ਖੰਘ ਵਿੱਚ ਖ਼ੂਨ ਨਹੀਂ ਆ ਰਿਹਾ ਹੈ) ਦਾ ਘੱਟ-ਰੇਡੀਏਸ਼ਨ ਵਾਲਾ ਕੰਪਿਊਟਡ ਟੋਮੋਗ੍ਰਾਫੀ (ਘੱਟ-ਰੇਡੀਏਸ਼ਨ ਵਾਲਾ CT) ਸਕੈਨ ਕੀਤਾ ਜਾਂਦਾ ਹੈ, ਤਾਂ ਜੋ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਦੀ ਜਾਂਚ ਕੀਤੀ ਜਾ ਸਕੇ। ਫੇਫੜਿਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਨਾਲ ਇਲਾਜ ਦੇ ਵਿਕਲਪ ਵੱਧ ਜਾਂਦੇ ਹਨ ਅਤੇ ਤੁਹਾਨੂੰ ਠੀਕ ਹੋਣ ਦਾ ਬਿਹਤਰ ਮੌਕਾ ਮਿਲਦਾ ਹੈ।

ਮੈਡੀਕੇਅਰ ਵਾਲੇ ਲੋਕਾਂ ਲਈ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਲਈ ਘੱਟ-ਰੇਡੀਏਸ਼ਨ ਵਾਲੇ CT ਸਕੈਨ ਮੁਫ਼ਤ ਹਨ।

## ਕੀ ਮੈਂ ਯੋਗ ਹਾਂ?

ਜੇਕਰ ਤੁਸੀਂ ਹੇਠਾਂ ਦਿੱਤੇ ਸਾਰੇ ਮਾਪਦੰਡ ਪੂਰੇ ਕਰਦੇ ਹੋ ਤਾਂ ਤੁਸੀਂ ਪ੍ਰੋਗਰਾਮ ਲਈ ਯੋਗ ਹੋ:

**ਤੁਹਾਡੀ ਉਮਰ 50 ਤੋਂ 70 ਸਾਲ ਹੋਣੀ ਚਾਹੀਦੀ ਹੈ**

**ਅਤੇ**

**ਜਿਨ੍ਹਾਂ ਵਿੱਚ ਫੇਫੜਿਆਂ ਦੇ ਕੈਂਸਰ ਦੀ ਸੰਭਾਵਨਾ ਵਾਲੇ ਕੋਈ ਲੱਛਣ ਜਾਂ ਨਿਸ਼ਾਨੀਆਂ ਨਹੀਂ ਹੁੰਦੇ**
(ਉਦਾਹਰਨ ਵਜੋਂ, ਬਿਨਾਂ ਕਿਸੇ ਕਾਰਨ ਦੇ ਲਗਾਤਾਰ ਖੰਘ, ਖੰਘਦੇ ਹੋਏ ਖ਼ੂਨ ਆਉਣਾ, ਬਿਨਾਂ ਵਜ੍ਹਾ ਦੇ ਸਾਹ ਚੜ੍ਹਨਾ)

**ਅਤੇ**

**ਜੋ ਤੰਬਾਕੂ ਵਾਲੀਆਂ ਸਿਗਰਟਾਂ ਪੀਂਦੇ ਹਨ ਜਾਂ ਪਹਿਲਾਂ ਸਿਗਰਟਨੋਸ਼ੀ ਕਰਦੇ ਰਹੇ ਹੋਣ**
(ਜਿਨ੍ਹਾਂ ਸਿਗਰਟਨੋਸ਼ੀ ਛੱਡੀ ਹੈ ਪਰ 10 ਸਾਲ ਤੋਂ ਘੱਟ ਸਮਾਂ ਹੋਇਆ ਹੈ)

**ਅਤੇ**

**ਤੰਬਾਕੂ ਵਾਲੀ ਸਿਗਰਟ ਪੀਣ ਦਾ ਘੱਟੋ-ਘੱਟ 30 ਪੈਕ-ਯੀਅਰ ਦਾ ਇਤਿਹਾਸ ਹੋਣਾ ਚਾਹੀਦਾ ਹੈ**
(ਉਦਾਹਰਨ ਵਜੋਂ, 30 ਸਾਲ ਤੱਕ ਹਰ ਰੋਜ਼ 1 ਪੈਕ ਜਾਂ 15 ਸਾਲ ਤੱਕ ਹਰ ਰੋਜ਼ 2 ਪੈਕ ਪੀਤੇ ਹੋਣੇ ਚਾਹੀਦੇ ਹਨ)

**ਇਹ ਦੇਖਣ ਲਈ ਕਿ ਕੀ ਤੁਸੀਂ ਯੋਗ ਹੋ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।**

## ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਮੇਰੀ ਕਿਵੇਂ ਮੱਦਦ ਕਰ ਸਕਦੀ ਹੈ?

- ਫੇਫੜਿਆਂ ਦੇ ਕੈਂਸਰ ਨੂੰ ਜਲਦੀ ਲੱਭਣ ਵਿੱਚ ਮੱਦਦ ਕਰਦੀ ਹੈ। ਜਦੋਂ ਕੈਂਸਰ ਦਾ ਜਲਦੀ ਪਤਾ ਲੱਗ ਜਾਂਦਾ ਹੈ ਤਾਂ ਇਲਾਜ ਦੇ ਵਧੇਰੇ ਵਿਕਲਪ ਹੁੰਦੇ ਹਨ ਅਤੇ ਠੀਕ ਹੋਣ ਦੀ ਬਿਹਤਰ ਸੰਭਾਵਨਾ ਹੁੰਦੀ ਹੈ।
- ਤੁਹਾਡੇ ਫੇਫੜਿਆਂ ਦੀ ਸਿਹਤ ਬਾਰੇ ਮਨ ਦੀ ਸ਼ਾਂਤੀ ਦਿੰਦੀ ਹੈ।
- ਸਿਗਰਟਨੋਸ਼ੀ ਕਰਨ ਦੇ ਇਤਿਹਾਸ ਬਾਰੇ ਗੱਲ ਕਰਨ ਅਤੇ ਜੇਕਰ ਤੁਸੀਂ ਛੱਡਣਾ ਚਾਹੋ ਤਾਂ ਸਹਾਇਤਾ ਲੈਣ ਦਾ ਮੌਕਾ ਦਿੰਦੀ ਹੈ।

## ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਬਾਰੇ ਮੈਨੂੰ ਹੋਰ ਕੀ ਪਤਾ ਹੋਣਾ ਚਾਹੀਦਾ ਹੈ?

- ਝੂਠੇ ਸਕਾਰਾਤਮਕ ਨਤੀਜੇ (ਭਾਵ ਅਜਿਹੇ ਨਤੀਜੇ ਜਿੱਥੇ ਸਕੈਨ ਕੈਂਸਰ ਹੋਣ ਦਾ ਇਸ਼ਾਰਾ ਕਰਦਾ ਹੈ, ਪਰ ਅੱਗੇ ਦੀ ਜਾਂਚ ਦੱਸਦੀ ਹੈ ਕਿ ਤੁਹਾਨੂੰ ਕੈਂਸਰ ਨਹੀਂ ਹੈ) ਇਹ ਕਿਸੇ ਵੀ ਸਕ੍ਰੀਨਿੰਗ ਜਾਂ ਮੈਡੀਕਲ ਟੈਸਟ ਵਿੱਚ ਹੋ ਸਕਦੇ ਹਨ।
- ਜ਼ਰੂਰਤ ਤੋਂ ਵੱਧ ਜਾਂਚਾਂ ਕਿਸੇ ਵੀ ਸਕ੍ਰੀਨਿੰਗ ਜਾਂ ਟੈਸਟ ਨਾਲ ਹੋ ਸਕਦੇ ਹਨ।
- ਤੁਸੀਂ ਘੱਟ ਮਾਤਰਾ ਵਾਲੀ ਰੇਡੀਏਸ਼ਨ ਦੇ ਸੰਪਰਕ ਵਿੱਚ ਆ ਸਕਦੇ ਹੋ।
- ਸਕ੍ਰੀਨਿੰਗ ਵਿੱਚ ਕਈ ਵਾਰ ਹੋਰ ਨਤੀਜੇ ਵੀ ਲੱਭੇ ਜਾ ਸਕਦੇ ਹਨ ਜੋ ਫੇਫੜਿਆਂ ਦੇ ਕੈਂਸਰ ਨਾਲ ਸੰਬੰਧਿਤ ਨਹੀਂ ਹੁੰਦੇ।

Australian Government

NATIONAL LUNG CANCER SCREENING PROGRAM

| ਮੁੱਖ ਸਵਾਲ | ਸਕ੍ਰੀਨਿੰਗ | ਸਕ੍ਰੀਨਿੰਗ ਨਹੀਂ |
|---|---|---|
| **ਸ਼ੁਰੂਆਤੀ ਪੜਾਅ 'ਤੇ ਫੇਫੜਿਆਂ ਦੇ ਕੈਂਸਰ ਦਾ ਪਤਾ ਲੱਗਣ ਦੀਆਂ ਸੰਭਾਵਨਾਵਾਂ ਕੀ ਹਨ?** | 100 ਵਿੱਚੋਂ 70 ਕੇਸਾਂ ਵਿੱਚ ਫੇਫੜਿਆਂ ਦਾ ਕੈਂਸਰ ਸ਼ੁਰੂਆਤੀ ਪੜਾਅ ਵਿੱਚ ਲੱਭ ਜਾਂਦਾ ਹੈ[1]। | 100 ਵਿੱਚੋਂ 7 ਕੇਸਾਂ ਵਿੱਚ ਫੇਫੜਿਆਂ ਦਾ ਕੈਂਸਰ ਸ਼ੁਰੂਆਤੀ ਪੜਾਅ ਵਿੱਚ ਲੱਭ ਜਾਂਦਾ ਹੈ[1]। |
| **ਇਹ ਗੱਲ ਦੀਆਂ ਕੀ ਸੰਭਾਵਨਾਵਾਂ ਹਨ ਕਿ ਸਕੈਨ ਦੇ ਨਤੀਜੇ ਫੇਫੜਿਆਂ ਦਾ ਕੈਂਸਰ ਹੋਣ ਦਾ ਸੁਝਾਅ ਦੇਣ, ਪਰ ਅੱਗੇ ਦੀਆਂ ਜਾਂਚਾਂ ਤੋਂ ਪਤਾ ਲੱਗਦਾ ਹੈ ਕਿ ਤੁਹਾਨੂੰ ਫੇਫੜਿਆਂ ਦਾ ਕੈਂਸਰ ਨਹੀਂ ਹੈ?** | ਜਿਨ੍ਹਾਂ ਲੋਕਾਂ ਦੀ ਸਕ੍ਰੀਨਿੰਗ ਹੁੰਦੀ ਹੈ, ਉਨ੍ਹਾਂ ਵਿੱਚੋਂ ਲਗਭਗ 100 ਵਿੱਚੋਂ 3 ਲੋਕਾਂ ਵਿੱਚ ਜ਼ਿਆਦਾ ਜਾਂ ਬਹੁਤ ਜ਼ਿਆਦਾ ਜ਼ੋਖਮ ਵਾਲੀ ਗਿਲ੍ਹਟੀ ਮਿਲ ਸਕਦੀ ਹੈ1। ਇਹ ਦੇਖਣ ਲਈ ਕਿ ਕੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਜ਼ੋਖਮ ਵਾਲੀ ਗਿਲ੍ਹਟੀ ਕੈਂਸਰ ਹੈ ਜਾਂ ਨਹੀਂ, ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਹੋਰ ਜਾਂਚ ਦਾ ਸੁਝਾਅ ਦੇ ਸਕਦਾ ਹੈ। ਜਿਨ੍ਹਾਂ ਵਿੱਚ ਜ਼ਿਆਦਾ ਜਾਂ ਬਹੁਤ ਜ਼ਿਆਦਾ ਜ਼ੋਖਮ ਵਾਲੀ ਗਿਲ੍ਹਟੀ ਮਿਲਦੀ ਹੈ, ਉਨ੍ਹਾਂ ਵਿੱਚੋਂ ਅੱਧ ਤੋਂ ਘੱਟ ਲੋਕਾਂ ਨੂੰ ਫੇਫੜਿਆਂ ਦਾ ਕੈਂਸਰ ਹੁੰਦਾ ਹੈ। | ਜੋ ਲੋਕ ਸਕ੍ਰੀਨਿੰਗ ਨਹੀਂ ਕਰਵਾਉਂਦੇ, ਉਹ ਬੇਲੋੜੇ ਡਾਕਟਰੀ ਟੈਸਟ ਹੋਣ ਦੀ ਸੰਭਾਵਨਾ ਤੋਂ ਬਚ ਜਾਣਗੇ, ਪਰ ਉਹਨਾਂ ਨੂੰ ਬਿਨਾਂ ਲੱਛਣ ਵਾਲਾ ਸ਼ੁਰੂਆਤੀ ਫੇਫੜਿਆਂ ਦਾ ਕੈਂਸਰ ਲੱਭਣ ਦਾ ਮੌਕਾ ਵੀ ਨਹੀਂ ਮਿਲੇਗਾ। |
| **ਸਕੈਨ ਵਿੱਚ ਫੇਫੜਿਆਂ ਦੇ ਕੈਂਸਰ ਤੋਂ ਇਲਾਵਾ ਹੋਰ ਕੁੱਝ ਮਿਲਣ ਦੀਆਂ ਕੀ ਸੰਭਾਵਨਾਵਾਂ ਹਨ?** | ਕਈ ਵਾਰ ਸਕੈਨ ਵਿੱਚ ਅਜਿਹੀਆਂ ਚੀਜ਼ਾਂ ਮਿਲਦੀਆਂ ਹਨ ਜਿਨ੍ਹਾਂ ਲਈ ਹੋਰ ਟੈਸਟਾਂ ਦੀ ਲੋੜ ਹੁੰਦੀ ਹੈ, ਅਤੇ ਕਈ ਵਾਰ ਸਕੈਨ ਵਿੱਚ ਹੋਰ ਗੰਭੀਰ ਬਿਮਾਰੀਆਂ ਦਾ ਪਤਾ ਲੱਗ ਜਾਂਦਾ ਹੈ ਜਿਨ੍ਹਾਂ ਦਾ ਇਲਾਜ ਕਰਨਾ ਲਾਜ਼ਮੀ ਹੁੰਦਾ ਹੈ। ਇਹ ਇਲਾਜ ਤੁਹਾਡੀ ਜ਼ਿੰਦਗੀ ਬਚਾਅ ਸਕਦੇ ਹਨ। | ਜੋ ਲੋਕ ਸਕ੍ਰੀਨਿੰਗ ਨਹੀਂ ਕਰਵਾਉਂਦੇ, ਉਹ ਵਾਧੂ ਡਾਕਟਰੀ ਟੈਸਟ ਕਰਵਾਉਣ ਤੋਂ ਤਾਂ ਬਚ ਜਾਂਦੇ ਹਨ, ਪਰ ਉਹਨਾਂ ਨੂੰ ਸ਼ੁਰੂਆਤ ਵਿੱਚ ਹੋਰ ਇਲਾਜਯੋਗ ਸਿਹਤ ਸਮੱਸਿਆਵਾਂ ਨੂੰ ਜਲਦੀ ਲੱਭਣ ਦਾ ਮੌਕਾ ਵੀ ਨਹੀਂ ਮਿਲੇਗਾ। |

1. ਇਹ ਜਾਣਕਾਰੀ ਰੈਂਡਮਾਈਜ਼ਡ ਕੰਟਰੋਲ ਟ੍ਰਾਇਲਾਂ 'ਚੋਂ ਮਿਲੇ ਸਭ ਤੋਂ ਵਧੀਆ ਅੰਕੜਿਆਂ 'ਤੇ ਆਧਾਰਿਤ ਹੈ।

## ਫ਼ੈਸਲਾ ਸਹਾਇਕ ਟੂਲ

ਯਾਦ ਰੱਖੋ, ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਭਾਗ ਲੈਣਾ ਤੁਹਾਡੀ ਆਪਣੀ ਮਰਜ਼ੀ ਹੈ। ਇਹ ਫ਼ੈਸਲਾ ਕਰਨ ਵਿੱਚ ਹੇਠਾਂ ਦਿੱਤਾ ਟੂਲ ਤੁਹਾਡੀ ਮੱਦਦ ਕਰੇਗਾ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ।

| **ਆਪਣੇ ਆਪ ਤੋਂ ਪੁੱਛੋ: ਫੇਫੜਿਆਂ ਦੇ ਕੈਂਸਰ ਲਈ ਸਕ੍ਰੀਨਿੰਗ ਕਰਵਾਉਣ ਬਾਰੇ ਫ਼ੈਸਲਾ ਕਰਦੇ ਸਮੇਂ ਤੁਹਾਡੇ ਲਈ ਕੀ ਮਹੱਤਵਪੂਰਨ ਹੈ?** | **ਸਕ੍ਰੀਨਿੰਗ ਨਹੀਂ**<br>**ਮਹੱਤਵਪੂਰਨ ਨਹੀਂ ⟷** | | | | **ਸਕ੍ਰੀਨਿੰਗ**<br>**⟷ ਬਹੁਤ ਮਹੱਤਵਪੂਰਨ** |
|---|---|---|---|---|---|
| **ਲੱਛਣ ਆਉਣ ਤੋਂ ਪਹਿਲਾਂ, ਫੇਫੜਿਆਂ ਦੇ ਕੈਂਸਰ ਨੂੰ ਜਲਦੀ ਲੱਭਣਾ?**<br>(ਜਿਵੇਂ ਕਿ ਬਿਨਾਂ ਕਿਸੇ ਕਾਰਨ ਦੇ ਲਗਾਤਾਰ ਖੰਘਣਾ ਜਾਂ ਖੰਘ ਵਿੱਚ ਖ਼ੂਨ ਆਉਣਾ) | ☐ 1 | ☐ 2 | ☐ 3 | ☐ 4 | ☐ 5 |
| **ਕੈਂਸਰ ਨੂੰ ਜਲਦੀ ਲੱਭਣਾ ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ?** | ☐ 1 | ☐ 2 | ☐ 3 | ☐ 4 | ☐ 5 |
| **ਆਪਣੀ ਫੇਫੜਿਆਂ ਦੀ ਸਿਹਤ ਬਾਰੇ ਮਨ ਦੀ ਸ਼ਾਂਤੀ ਪ੍ਰਾਪਤ ਕਰਨਾ?** | ☐ 1 | ☐ 2 | ☐ 3 | ☐ 4 | ☐ 5 |
| **ਸਿਗਰਟਨੋਸ਼ੀ ਦੇ ਇਤਿਹਾਸ ਬਾਰੇ ਗੱਲ ਕਰਨ ਅਤੇ ਛੱਡਣ ਲਈ ਸਹਾਇਤਾ ਲੈਣ ਦਾ ਮੌਕਾ ਮਿਲਣਾ?** | ☐ 1 | ☐ 2 | ☐ 3 | ☐ 4 | ☐ 5 |

| **ਆਪਣੇ ਆਪ ਤੋਂ ਪੁੱਛੋ: ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਬਾਰੇ ਕਿੰਨੇ ਚਿੰਤਤ ਹੋ:** | **ਸਕ੍ਰੀਨਿੰਗ ਨਹੀਂ**<br>**ਬਹੁਤ ਚਿੰਤਤ ⟷** | | | | **ਸਕ੍ਰੀਨਿੰਗ**<br>**⟷ ਕੋਈ ਚਿੰਤਾ ਨਹੀਂ** |
|---|---|---|---|---|---|
| **ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਵਿੱਚ ਹਿੱਸਾ ਲੈਣ ਬਾਰੇ ਚਿੰਤਤ ਹੋ?** | ☐ 5 | ☐ 4 | ☐ 3 | ☐ 2 | ☐ 1 |
| **ਰੇਡੀਏਸ਼ਨ ਦੇ ਸੰਪਰਕ ਵਿੱਚ ਆਉਣ ਬਾਰੇ?** | ☐ 5 | ☐ 4 | ☐ 3 | ☐ 2 | ☐ 1 |
| **ਝੂਠਾ ਸਕਾਰਾਤਮਕ ਨਤੀਜਾ ਆਉਣ ਬਾਰੇ?**<br>(ਭਾਵ ਸਕੈਨ ਕਹਿੰਦਾ ਹੈ ਕਿ ਤੁਹਾਨੂੰ ਕੈਂਸਰ ਹੋ ਸਕਦਾ ਹੈ, ਪਰ ਅੱਗੇ ਦੀ ਜਾਂਚ ਦੱਸਦੀ ਹੈ ਕਿ ਨਹੀਂ ਹੈ) | ☐ 5 | ☐ 4 | ☐ 3 | ☐ 2 | ☐ 1 |
| **ਘੱਟ-ਰੇਡੀਏਸ਼ਨ ਵਾਲੇ CT ਸਕੈਨ ਤੋਂ ਮਿਲੇ ਨਤੀਜਿਆਂ ਦੀ ਜਾਂਚ ਕਰਨ ਲਈ ਹੋਰ ਟੈਸਟ ਕਰਵਾਉਣੇ ਪੈਣ ਬਾਰੇ?** | ☐ 5 | ☐ 4 | ☐ 3 | ☐ 2 | ☐ 1 |

### ਹੁਣ ਆਪਣੇ ਉੱਪਰ ਦਿੱਤੇ ਜਵਾਬਾਂ 'ਤੇ ਨਜ਼ਰ ਮਾਰੋ

ਜੇਕਰ ਤੁਹਾਡੇ ਜ਼ਿਆਦਾਤਰ ਜਵਾਬ ਸੱਜੇ ਪਾਸੇ ਹਨ, ਤਾਂ ਤੁਸੀਂ ਸਕ੍ਰੀਨਿੰਗ ਕਰਵਾਉਣ ਦੇ ਹੱਕ ਵਿੱਚ ਹੋ। ਜੇਕਰ ਤੁਹਾਡੇ ਜ਼ਿਆਦਾਤਰ ਜਵਾਬ ਖੱਬੇ ਪਾਸੇ ਹਨ, ਤਾਂ ਤੁਸੀਂ ਸਕ੍ਰੀਨਿੰਗ ਨਾ ਕਰਵਾਉਣ ਦੇ ਹੱਕ ਵਿੱਚ ਹੋ।

**ਫੇਫੜਿਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਇੱਥੇ ਜਾਓ:**

www.health.gov.au/nlcsp

Quitline 13 7848

**ਸਿਗਰਟਨੋਸ਼ੀ ਛੱਡਣ ਵਿੱਚ ਮੱਦਦ ਲੈਣ ਲਈ ਇੱਥੇ ਜਾਓ:**

www.quit.org.au

ਇਹ ਸਰੋਤ ਸਿਡਨੀ ਯੂਨੀਵਰਸਿਟੀ ਵਿਖੇ ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਦ ਸਟੱਡੀ ਆਫ਼ ਲੰਗ ਕੈਂਸਰ (International Association for the Study of Lung Cancer, IASLC) ਵੱਲੋਂ ਦਿੱਤੀ ਗਈ ਮਾਲੀ ਸਹਾਇਤਾ ਨਾਲ ਤਿਆਰ ਕੀਤਾ ਗਿਆ ਸੀ ਅਤੇ ਇਸਨੂੰ ਆਸਟ੍ਰੇਲੀਆਈ ਸਰਕਾਰ ਵੱਲੋਂ ਮਿਲੀ ਵਿੱਤੀ ਸਹਾਇਤਾ ਨਾਲ ਮੈਲਬੌਰਨ ਯੂਨੀਵਰਸਿਟੀ ਵਿਖੇ ਢਾਲਿਆ ਗਿਆ ਸੀ।

DT0004838_0625

ਰੀਸੈਟ